Punjabi

# ਫ਼ਾਇਰਪਲੇਸ ਸੁਰੱਖਿਆ ਸੰਬੰਧੀ ਨੁਕਤੇ

# Fireplace Safety Tips

## ਕੀ ਤੁਹਾਨੂੰ ਪਤਾ ਸੀ?

ਗੈਸ ਫ਼ਾਇਰਪਲੇਸ ਦੇ ਗਰਮ ਸ਼ੀਸ਼ੇ 'ਤੇ ਛੋਟੇ ਬੱਚੇ ਦੀ ਚਮੜੀ ਇੱਕ ਸਕਿੰਟ ਤੋਂ ਵੀ ਘੱਟ ਸਮੇਂ ਵਿੱਚ ਜਲ਼ ਸਕਦੀ ਹੈ!

safestart

ਬੀ.ਸੀ. ਚਿਲਡਰਨ'ਜ਼ ਹਸਪਤਾਲ ਦਾ ਸੱਟਾਂ ਦੀ ਰੋਕਥਾਮ ਵਾਲਾ ਪ੍ਰੋਗਰਾਮ

604-875-3273 (ਅੰਗਰੇਜ਼ੀ)
1-888-331-8100 (ਅੰਗਰੇਜ਼ੀ)

www.bcchildrens.ca/safestart (ਅੰਗਰੇਜ਼ੀ)

ਹੇਠ ਲਿਖੇ ਵਿਸ਼ਿਆਂ ਬਾਰੇ ਜਾਣਕਾਰੀ ਲਈ Safe Start (ਸੇਫ਼ ਸਟਾਰਟ) ਦਾ Safety Station program (ਸੇਫ਼ਟੀ ਸਟੇਸ਼ਨ ਪ੍ਰੋਗਰਾਮ) ਦੇਖੋ:

- ਫ਼ਾਇਰਪਲੇਸ ਸਕ੍ਰੀਨਾਂ
- ਹਰਥ ਗੇਟ (ਫ਼ਾਇਰਪਲੇਸ ਅੱਗੇ ਬੰਨੀ ਉੱਪਰ ਹਿਫ਼ਾਜ਼ਤੀ ਜੰਗਲਾ)
- ਹਰਥ ਕੁਸ਼ਨ (ਫ਼ਾਇਰਪਲੇਸ ਅੱਗੇ ਬੰਨੀ ਉੱਪਰ ਗੱਦੀ)

www.bcchildrens.ca/safetystation (ਅੰਗਰੇਜ਼ੀ)

BC CHILDREN'S HOSPITAL™
An agency of the Provincial Health Services Authority

March 2011

safestart
The injury prevention program of BC Children's Hospital

**ਹਰ ਵਰ੍ਹੇ ਬੀ.ਸੀ. ਚਿਲਡਰਨ'ਜ਼ ਹਸਪਤਾਲ ਦਾ ਐਮਰਜੰਸੀ ਵਿਭਾਗ ਅਜਿਹੇ ਕਈ ਬੱਚਿਆਂ ਦਾ ਇਲਾਜ ਕਰਦਾ ਹੈ ਜਿਹੜੇ ਗੈਸ ਫ਼ਾਇਰਪਲੇਸ ਦੇ ਗਰਮ ਸ਼ੀਸ਼ੇ ਨੂੰ ਛੂਹਣ ਜਾਂ ਉਸ ਉੱਪਰ ਡਿੱਗਣ ਕਾਰਨ ਹੱਥਾਂ ਅਤੇ ਚਿਹਰੇ 'ਤੇ ਗੰਭੀਰ ਸਾੜਾਂ ਦੇ ਸ਼ਿਕਾਰ ਹੋ ਜਾਂਦੇ ਹਨ।**

## ਗੈਸ ਫ਼ਾਇਰਪਲੇਸਾਂ

### ਕੀ ਤੁਹਾਨੂੰ ਪਤਾ ਸੀ?

- ਗੈਸ ਫ਼ਾਇਰਪਲੇਸ ਦਾ ਸ਼ੀਸ਼ਾ ਸਿਰਫ਼ 6 ਮਿੰਟਾਂ ਵਿੱਚ 200˚C (400˚F) ਤਕ ਤਪ ਜਾਂਦਾ ਹੈ ਅਤੇ ਇਸ ਨੂੰ ਠੰਢਾ ਹੋਣ ਵਿੱਚ 45 ਮਿੰਟ ਲੱਗ ਜਾਂਦੇ ਹਨ।
- ਫ਼ਾਇਰਪਲੇਸ ਦੀ ਪਾਇਲਟ ਲਾਈਟ ਵੀ ਸ਼ੀਸ਼ੇ ਨੂੰ ਇੰਨਾ ਗਰਮ ਕਰ ਸਕਦੀ ਹੈ ਜਿਸ ਨਾਲ ਸਾੜ ਪੈ ਸਕਦੇ ਹਨ।
- ਬਾਲਗਾਂ ਦੇ ਮੁਕਾਬਲੇ ਛੋਟੇ ਬੱਚੇ ਦੀ ਚਮੜੀ 4 ਗੁਣਾ ਪਤਲੀ ਹੁੰਦੀ ਹੈ ਅਤੇ 4 ਗੁਣਾ ਤੇਜ਼ੀ ਨਾਲ ਸੜ ਸਕਦੀ ਹੈ।
- ਛੋਟੇ ਬੱਚੇ ਗੂੜ੍ਹੀਆਂ ਲਾਟਾਂ ਵੱਲ ਆਕਰਸ਼ਤ ਹੋ ਸਕਦੇ ਹਨ ਅਤੇ ਉਨ੍ਹਾਂ ਨੂੰ ਛੂਹਣ ਦੀ ਕੋਸ਼ਿਸ਼ ਕਰ ਸਕਦੇ ਹਨ।





### ਤੁਸੀਂ ਕੀ ਕਰ ਸਕਦੇ ਹੋ?

- ਜਿਹੜੇ ਕਮਰੇ ਵਿੱਚ ਫ਼ਾਇਰਪਲੇਸ ਚਲ ਰਹੀ ਹੋਵੇ ਜਾਂ ਕੁਝ ਸਮਾਂ ਪਹਿਲਾਂ ਹੀ ਬੰਦ ਕੀਤੀ ਗਈ ਹੋਵੇ ਉਸ ਕਮਰੇ ਵਿੱਚ ਆਪਣੇ ਬੱਚੇ ਦੇ ਆਲ਼ੇ-ਦੁਆਲੇ ਰਹੋ।
- ਫ਼ਾਇਰਪਲੇਸ ਵਿੱਚ ਜਾਂ ਉਸ ਦੇ ਆਲ਼ੇ-ਦੁਆਲੇ ਕਸ ਕੇ ਲੱਗਣ ਵਾਲੇ ਹਰਥ ਗੇਟ (ਜੰਗਲਾ) ਜਾਂ ਜਾਲ਼ੀ ਨਾਲ ਫ਼ਾਇਰਪਲੇਸ ਮੂਹਰੇ ਅੜਿਕਾ ਪਾਓ।
- ਫ਼ਾਇਰਪਲੇਸ ਵਾਲੇ ਕਮਰੇ ਦੇ ਦਰਵਾਜ਼ੇ ਦੇ ਲਾਂਘੇ ਵਿੱਚ ਸੁਰੱਖਿਆ ਗੇਟ ਲਗਾਓ।
- ਜੇ ਸੰਭਵ ਹੋਵੇ ਤਾਂ ਫ਼ਾਇਰਪਲੇਸ ਦੀ ਵਰਤੋਂ ਸਿਰਫ਼ ਉਦੋਂ ਕਰੋ ਜਦੋਂ ਤੁਹਾਡੇ ਬੱਚੇ ਸੌਂ ਚੁੱਕੇ ਹੋਣ।

## ਹਰਥ (ਫ਼ਾਇਰਪਲੇਸ ਦੇ ਅੱਗੇ ਵਾਲੀ ਬੰਨੀ)

### ਕੀ ਤੁਹਾਨੂੰ ਪਤਾ ਸੀ?

- ਕਿਉਂਕਿ ਫ਼ਾਇਰਪਲੇਸ ਦੇ ਅੱਗੇ ਵਾਲੀ ਬੰਨੀ (ਹਰਥ) ਆਮ ਤੌਰ 'ਤੇ ਇੱਟਾਂ, ਪੱਥਰ ਜਾਂ ਮਾਰਬਲ ਦੀ ਬਣੀ ਹੁੰਦੀ ਹੈ, ਉਸ ਉੱਪਰ ਡਿੱਗਣ ਨਾਲ ਚੀਰੇ, ਸਿਰ 'ਤੇ ਸਦਮਾ, ਦੰਦ ਟੁੱਟ ਅਤੇ ਖੋਪੜੀ ਵਿੱਚ ਫ਼ਰੈਕਚਰ ਹੋ ਸਕਦੇ ਹਨ।
- ਸਿਰ੍ਹਾਣਿਆਂ, ਚਾਦਰਾਂ, ਰੱਗਜ਼ ਜਿਹੀਆਂ ਵਸਤਾਂ ਜੇ ਅੱਗ ਦੇ ਬਹੁਤ ਨੇੜੇ ਰੱਖੀਆਂ ਹੋਣ ਤਾਂ ਇਨ੍ਹਾਂ ਨੂੰ ਅੱਗ ਲੱਗ ਸਕਦੀ ਹੈ।

### ਤੁਸੀਂ ਕੀ ਕਰ ਸਕਦੇ ਹੋ?

- ਹਰਥ ਦੇ ਖੂੰਜੇ ਨੂੰ ਹਰਥ ਕੁਸ਼ਨਿੰਗ (ਫ਼ਾਇਰਪਲੇਸ ਅੱਗੇ ਬੰਨੀ 'ਤੇ ਰੱਖੀ ਜਾਣ ਵਾਲੀ ਗੱਦੀ) ਜਿਹੀ ਕਿਸੇ ਨਰਮ, ਨਾ-ਜਲਣਯੋਗ ਚੀਜ਼ ਨਾਲ ਢਕੋ।
- ਜਾਂ ਹਰਥ ਨੂੰ ਹਰਥ ਗੇਟ (ਫ਼ਾਇਰਪਲੇਸ ਦੇ ਅੱਗੇ ਵਾਲੀ ਬੰਨੀ 'ਤੇ ਹਿਫ਼ਾਜ਼ਤੀ ਜੰਗਲਾ) ਨਾਲ ਸੁਰੱਖਿਅਤ ਕਰੋ।



***ਪੰਜ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਦੇ ਫ਼ਟੜ ਹੋਣ ਦਾ ਦੂਜਾ ਸਭ ਤੋਂ ਵੱਡਾ ਕਾਰਣ ਸਾੜ ਹਨ।***

***ਖ਼ਤਰਿਆਂ ਬਾਰੇ ਸਚੇਤ ਹੋ ਕੇ, ਆਪਣੇ ਘਰ ਨੂੰ ਸੁਰੱਖਿਅਤ ਬਣਾ ਕੇ ਅਤੇ ਆਪਣੇ ਬੱਚੇ ਦੀ ਨਿਰੰਤਰ, ਨਜ਼ਦੀਕੀ ਨਿਗਰਾਨੀ ਕਰਕੇ ਤੁਸੀਂ ਜ਼ਖ਼ਮਾਂ ਦੀ ਰੋਕਥਾਮ ਕਰ ਸਕਦੇ ਹੋ।***

**ਵਧੇਰੇ ਜਾਣਕਾਰੀ ਲਈ ਸੇਫ਼ ਸਟਾਰਟ ਨੂੰ 604-875-3273 (ਅੰਗਰੇਜ਼ੀ) ਜਾਂ 1-888-331-8100 (ਅੰਗਰੇਜ਼ੀ) 'ਤੇ ਫ਼ੋਨ ਕਰੋ ਜਾਂ www.bcchildrens.ca/safestart (ਅੰਗਰੇਜ਼ੀ) 'ਤੇ ਜਾਓ।**